EMPLOYMENT ONTARIO
Ontario's employment & training network

Ontario

**ਵੈੱਬ ‘ਤੇ ਪਾਉਂਣ ਲਈ ਪੁਨਰ-ਨਿਰੀਖਣ**

## ਸਮਰ ਜੌਬਜ਼ ਸਰਵਿਸ

ਓਨਟੈਰੀਉ ਸਰਕਾਰ ਦਾ ਇਹ ਪ੍ਰੋਗਰਾਮ ਵਿਦਿਆਰਥੀਆਂ ਨੂੰ ਗਰਮੀਆਂ ਦੌਰਾਨ ਨੌਕਰੀ ਲੱਭਣ ‘ਚ ਮਦਦ ਕਰ ਸਕਦਾ ਹੈ। ਇਹ ਪ੍ਰੋਗਰਾਮ ਵਿਦਿਆਰਥੀਆਂ ਨੂੰ ਨੌਕਰੀ ਲੱਭਣ ਅਤੇ ਪਲੇਸਮੈਂਟ ਸੇਵਾਵਾਂ ‘ਚ ਮੁਫਤ ਮਦਦ ਪ੍ਰਦਾਨ ਕਰਦਾ ਹੈ। ਇਹ ਉਨ੍ਹਾਂ ਐਂਪਲਾਇਰਾਂ ਨੂੰ 2 ਡਾਲਰ ਪ੍ਰਤਿ ਘੰਟਾ ਦੀ ਪ੍ਰੇਰਕ ਰਾਸ਼ੀ ਵੀ ਪ੍ਰਦਾਨ ਕਰਦਾ ਹੈ ਜਿਹੜੇ ਗਰਮੀਆਂ ਦੌਰਾਨ ਵਿਦਿਆਰਥੀਆਂ ਨੂੰ ਕੰਮ ‘ਤੇ ਰੱਖਦੇ ਹਨ।

## ਕਿਹੜੀਆਂ ਸੇਵਾਵਾਂ ਉਪਲਬਧ ਹਨ?

ਸਮਰ ਜੌਬਜ਼ ਸਰਵਿਸ (Summer Jobs Service (SJS)) ਹੇਠ ਲਿਖਿਆ ਕੁਝ ਪੇਸ਼ ਕਰਦੀ ਹੈ:
- ਨੌਕਰੀ ਦੀ ਭਾਲ ਕਿਵੇਂ ਕਰਨੀ ਹੈ ਅਤੇ ਆਪਣੇ ਆਪ ਨੂੰ ਮਰਕੀਟ ‘ਚ ਪੇਸ਼ ਕਰਨ ਦੇ ਹੁਨਰ, ਜੋ ਵਿਦਿਆਰਥੀਆਂ ਨੂੰ ਨੌਕਰੀ ਲੈਣ ਅਤੇ ਬਣਾਈ ਰੱਖਣ ‘ਚ ਮਦਦ ਕਰਨ, ਉਨ੍ਹਾਂ ਦੀ ਮੁਫਤ ਸਿਖਲਾਈ ਦੇਣੀ;
- ਐਂਪਲਾਇਰਾਂ ਨੂੰ 2 ਡਾਲਰ ਪ੍ਰਤਿ ਘੰਟਾ ਦੀ ਪ੍ਰੇਰਕ ਰਾਸ਼ੀ ਦੇਣਾਂ ਤਾਂ ਜੋ ਉਹ ਵਿਦਿਆਰਥੀਆਂ ਨੂੰ ਕੰਮ ‘ਤੇ ਰੱਖਣ;
- ਨੌਕਰੀਆਂ, ਜਿਹੜੀਆਂ 16 ਹਫਤੇ ਤੱਕ ਅਪਰੈਲ ‘ਚ ਸ਼ੁਰੂ ਹੋ ਕੇ 30 ਸਤੰਬਰ ਤੱਕ ਚੱਲ ਸਕਣ;
- ਵਿਦਿਆਰਥੀਆਂ ਲਈ ਗਰਮੀਆਂ ਲਈ ਅਤੇ ਸਾਲ ਭਰ ਲਈ ਨੌਕਰੀਆਂ ਦੇ ਇਸ਼ਤਿਹਾਰ ਲਗਾਉਂਣਾਂ।

## ਸ਼ਾਮਲ ਕੌਣ ਹੋ ਸਕਦਾ ਹੈ?

**ਵਿਦਿਆਰਥੀ:**
- 15 ਤੋਂ 24 ਸਾਲ ਦੀ ਉਮਰ ਦੇ (ਆਪੰਗਤਾ ਵਾਲੇ ਵਿਦਿਆਰਥੀ ਲਈ 29 ਸਾਲ);
- ਪੱਤਝੜ ‘ਚ ਮੁੜ ਸਕੂਲ ਜਾਣ ਲਈ ਜਿੰਨ੍ਹਾਂ ਦੀ ਯੋਜਨਾਂ ਹੋਵੇ।

**ਐਂਪਲਾਇਰ:**
- ਪ੍ਰਾਈਵੇਟ, ਗੈਰ-ਮੁਨਾਫਾ ਜਾਂ ਵਡੇਰੇ ਜਨਤਕ ਖੇਤਰ ਦੇ ਐਂਪਲਾਇਰ ਜਿਹੜੇ ਓਨਟੈਰੀਉ ‘ਚ ਕਾਰੋਬਾਰ ਕਰ ਰਹੇ ਹਨ ਅਤੇ ਗਰਮੀਆਂ ਦੀਆਂ ਨੌਕਰੀਆਂ ਪ੍ਰਦਾਨ ਕਰ ਰਹੇ ਹਨ।

**ਗਰਮੀਆਂ ‘ਚ ਕਿਸੇ ਵਿਦਿਆਰਥੀ ਦੀ ਪਲੇਸਮੈਂਟ ਲਈ ਕੰਮ ‘ਤੇ ਰੱਖਣ ਦੀ ਪ੍ਰੇਰਕ ਰਾਸ਼ੀ ਪ੍ਰਾਪਤ ਕਰਨ ਵਾਸਤੇ ਐਂਪਲਾਇਰ ਜ਼ਰੂਰੀ ਤੌਰ ‘ਤੇ:**
- ਵਿਦਿਆਰਥੀ ਦੀ ਪਲੇਸਮੈਂਟ ਲਈ ਦੇਣਦਾਰੀ ਅਤੇ ਕੰਮ ਦੀ ਥਾਂ ‘ਤੇ ਸੁਰੱਖਿਆ ਦੇ ਬੀਮੇ ਦੀ ਕਵਰੇਜ਼ ਨੂੰ ਵੀ ਯਕੀਨੀ ਬਣਾਵੇ;
- ਵਿਦਿਆਰਥੀ ਦਾ ਰਿਸ਼ਤੇਦਾਰ ਵੀ ਨਾ ਹੋਵੇ।

**ਮੈਂ ਸਮਰ ਜੌਬਜ਼ ਸਰਵਿਸ ਤੱਕ ਪਹੁੰਚ ਕਿਵੇਂ ਕਰ ਸਕਦਾ/ਸਕਦੀ ਹਾਂ?**

ਬਹੁਤੀਆਂ ਸੰਸਥਾਵਾਂ ਜਿਹੜੀਆਂ ਜੌਬ ਕੁਨੈਕਟ (Job Connect) ਸੇਵਾਵਾਂ ਦਿੰਦੀਆਂ ਹਨ ਉਹ ਸਮਰ ਜੌਬ ਸਰਵਿਸ ਅਤੇ ਐਂਪਲਾਇਰ ਲੱਭਣ ਦੀ ਗਰਮੀਆਂ 'ਚ ਮਦਦ ਦੁਆਰਾ ਗਰਮੀਆਂ 'ਚ ਨੌਕਰੀ ਲੱਭਣ 'ਚ ਵੀ ਵਿਦਿਆਰਥੀਆਂ ਦੀ ਮਦਦ ਕਰਦੀਆਂ ਹਨ।

1-800-387-5656
(416) 326-5656 (ਟੋਰਾਂਟੋ)

www.ontario.ca/employmentontario

ISBN 1-4249-2453-7